# ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ: ਸਸਅ/ਐਮਸੀ/2013/14289-91
ਮਿਤੀ : 31-08-2013

ਵਿਸ਼ਾ:- ਸਕੂਲਾਂ ਵਿੱਚ ਗਣਿਤ ਵਿਸ਼ੇ ਸਬੰਧੀ ।

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪਿਛਲੇ ਦਿਨਾਂ ਵਿੱਚ ਵੱਖ-ਵੱਖ ਸਕੂਲਾਂ ਦੇ ਵਿਜ਼ਿਟ ਦੌਰਾਨ ਗਣਿਤ ਵਿਸ਼ੇ ਦੇ ਸੰਬੰਧ ਵਿੱਚ ਖਾਮੀਆਂ ਸਾਹਮਣੇ ਆਈਆਂ ਹਨ। ਵਿਦਿਆਰਥੀਆਂ ਦਾ ਗਣਿਤ ਵਿਸ਼ੇ ਵੱਲ ਰੁਝਾਨ ਵਧਾਉਣ ਲਈ ਅਤੇ ਇਸ ਵਿੱਚ ਗੁਣਾਤਮਕ ਸੁਧਾਰ ਲਿਆਉਣ ਲਈ ਹੇਠ ਲਿਖੇ ਨੁਕਤਿਆਂ ਨੂੰ ਲਾਗੂ ਕੀਤਾ ਜਾਵੇ।

- ਮੈਥ ਲੈਬ/ਕਾਰਨਰ ਸਥਾਪਿਤ ਕੀਤੇ ਜਾਣ।
- ਮੈਥ ਲੈਬ ਵਿੱਚ ਮਡਿਊਲ,ਕਾਰਨੁਕੋਪਿਆ,ਮੈਥ ਵਿਸ਼ੇ ਦੇ ਵਰਕਿੰਗ ਮਾਡਲ ਆਦਿ ਮੌਜੂਦ ਹੋਣ।
- ਫਲੈਸ਼ ਕਾਰਡਾਂ ਦੀ ਵਰਤੋਂ ਜਮਾਤਾਂ ਵਿੱਚ ਕੀਤੀ ਜਾਵੇ।
- ਅਧਿਆਪਕ ਡਾਇਰੀ ਲਿਖਦੇ ਸਮੇਂ/ ਜਮਾਤ ਵਿੱਚ ਅਧਿਆਏ ਕਰਵਾਉਂਦੇ ਸਮੇਂ ਬੱਚਿਆਂ ਨੂੰ ਅਧਿਆਏ ਦਾ ਨਾਮ ਦੱਸਣ ਨਾ ਕਿ ਕੇਵਲ ਅਧਿਆਏ/ ਅਭਿਆਸ ਦਾ ਨੰਬਰ।
- ਪ੍ਰਯੋਗਾਂ ਨੂੰ ਸਿਲੇਬਸ ਦੇ ਨਾਲ-ਨਾਲ ਸਮੇਂ ਸਿਰ ਕਰਵਾਇਆ ਜਾਵੇ।
- ਅਧਿਆਪਕ ਸਿਲੇਬਸ ਦੇ ਅਨੁਸਾਰ,ਸਕਰੈਪ ਬੁੱਕ ਅਤੇ ਪ੍ਰੈਕਟੀਕਲ ਕਾਪੀ ਬੱਚਿਆਂ ਕੋਲੋ ਬਣਵਾਉਣ।
- ਜਮਾਤਾਂ ਵਿੱਚ ਗਣਿਤ ਵਿਸ਼ੇ ਦੇ ਚਾਰਟ ਲਗਵਾਏ ਜਾਣ, ਇੱਕ ਚਾਰਟ ਉਸ ਜਮਾਤ ਦੇ ਗਣਿਤ ਦੇ ਸਾਰੇ ਫਾਰਮੂਲਿਆਂ ਦਾ ਹੋਵੇ।
- ਅਧਿਆਪਕ ਪੜ੍ਹਾਉਣ ਸਮੇਂ ਢੁੱਕਵੀਆਂ ਟੀ.ਐਲ.ਐਮ ਦੀ ਵਰਤੋਂ ਕਰਨ ਤਾਂ ਜੋ ਵਿਦਿਆਰਥੀਆਂ ਦਾ ਵਿਸ਼ੇ ਵਿੱਚ ਰੁਝਾਨ ਬਣੇ।
- ਬੱਚਿਆਂ ਦੀ ਕਾਪੀਆਂ ਉਪੱਰ ਸਾਦੇ ਕਵਰ ਚੜ੍ਹਵਾਏ ਜਾਣ ਅਤੇ ਉਹਨਾਂ ਉਪਰ ਗਣਿਤਿਕ ਚਿੱਤਰ ਬਣਾਏ/ਲਗਾਏ ਜਾਣ ।
- ਕਾਪੀਆਂ ਦੀ ਚੈਕਿੰਗ ਰੈਗੂਲਰ ਅਤੇ ਧਿਆਨ ਨਾਲ ਕੀਤੀ ਜਾਵੇ ਅਤੇ ਗਲਤ ਸਵਾਲ ਦੇ ਅੱਗੇ ਉਸ ਦਾ ਹੱਲ ਵੀ ਲਿੱਖਿਆ ਜਾਵੇ।
- ਸਕੂਲਾਂ ਵਿੱਚ ਮੈਥ ਲੈਬ ਅਤੇ ਕਾਰਨਰ ਨੂੰ ਸਹੀ ਤਰੀਕੇ ਨਾਲ ਮੇਨਟੇਨ ਕੀਤਾ ਜਾਵੇ ਅਤੇ ਚਾਰਟ / ਮਾਡਲ ਸਹੀ ਢੰਗ ਨਾਲ ਲਗਾਏ ਜਾਣ, ਮੈਥ ਲੈਬ ਵਿੱਚ ਕਿਰਿਆਵਾਂ ਕਰਵਾਈਆ ਜਾਣ।
- ਸਮੇਂ-ਸਮੇਂ ਤੇ ਕਰਵਾਏ ਜਾਂਦੇ ਬਲਾਕ ਜਾਂ ਜਿਲਾ ਪੱਧਰੀ ਮੈਥ ਮੁਕਾਬਲਿਆਂ ਵਿਚ ਵਿਦਿਆਰਥੀਆਂ ਦੁਆਰਾ ਭਾਗ ਲਿਆ ਜਾਵੇ।

- ਵਿਦਿਆਰਥੀਆਂ ਨੂੰ ਵਿਸ਼ੇ ਨੂੰ ਪੜਾਉਂਦੇ ਸਮੇਂ ਦੈਨਿਕ ਜੀਵਨ ਨਾਲ ਸਬੰਧਤ ਵੱਧ ਤੋ ਵੱਧ ਉਦਾਹਰਣਾਂ ਦਿੱਤੀਆਂ ਜਾਣ ਤਾਂ ਜੋ ਉਹਨਾਂ ਦਾ ਵਿਸ਼ੇ ਵੱਲ ਰੁਝਾਣ ਵਧੇ।
- ਵਿਦਿਆਰਥੀਆਂ ਨੂੰ ਵਿਸ਼ੇ ਨੂੰ ਪੜਾਉਣਾ ਸ਼ੁਰੂ ਕਰਦੇ ਸਮੇਂ ਪਹਿਲੇ ਪੰਜ ਮਿੰਟ ਪਿਛਲੇ ਕਰਵਾਏ ਕੰਮ ਦੀ ਦੁਹਰਾਈ ਜਰੂਰ ਕਰਵਾਈ ਜਾਵੇ ।
- ਬੇਸ ਲਾਈਨ / ਪੋਸਟ ਟੈਸਟ ਦਾ ਰਿਕਾਰਡ ਸਕੂਲ ਵਿੱਚ ਜਰੂਰ ਰੱਖਿਆ ਜਾਵੇ ਅਤੇ ਦਫਤਰ ਵੱਲੋਂ ਮੰਗਣ ਤੇ ਸਮੇਂ ਤੇ ਭੇਜਿਆ ਜਾਵੇ ।
- ਕਲਸਟਰ ਸਕੂਲ ਦਫਤਰ ਵਲੋਂ ਸਮੇਂ -ਸਮੇਂ ਤੇ ਭੇਜੀ ਵਿਸ਼ੇ ਸੰਬੰਧੀ ਸੂਚਨਾ ਨਾਲ ਜੁੜੇ ਮਿਡਲ ਸਕੂਲਾਂ ਨੂੰ ਜਰੂਰ ਭੇਜ ਦੇਣ।

2.0 ਇਸ ਸੰਬੰਧ ਵਿੱਚ ਵਧੇਰੇ ਜਾਣਕਾਰੀ ਸੰਬੰਧਤ ਡੀ.ਆਰ.ਪੀ. (ਗਣਿਤ) ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਪਿੱਠ ਅੰਕਣ ਨੰ. ਸਸਅ/ਐਮਸੀ/2013/ ਮਿਤੀ

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਡੀ.ਆਰ.ਪੀ. (ਮੈਥ), ਪੰਜਾਬ
2. ਡੀ.ਐਮ.(ਐਮ.ਆਈ.ਐਸ.)

ਪ੍ਰਮੁੱਖ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ